SR 99

SR (ਰਾਜ ਮਾਰਗ) 99/S 272ਵੀਂ ਸਟ੍ਰੀਟ/ਸੜਕ ਤੋਂ SR (ਰਾਜ ਮਾਰਗ) 516 ਦੇ ਆਲੇ-ਦੁਆਲੇ - ਪੇਵਿੰਗ ਅਤੇ ADA ਪਾਲਣਾ ਪ੍ਰੋਜੈਕਟ ਬਾਰੇ ਜਾਣਕਾਰੀ ਪ੍ਰਦਾਨ ਸਹਯੋਗਾਨਕਾਰੀ

WSDOT ਕੈਂਟ ਵਿੱਚ ਰਾਜ ਮਾਰਗ (SR) 99/ਦੱਖਣ 272ਵੀਂ ਸੜਕ/ਸਟ੍ਰੀਟ ਤੋਂ ਰਾਜ ਮਾਰਗ (SR) 516 ਦੇ ਆਲੇ-ਦੁਆਲੇ - ਪੇਵਿੰਗ ਅਤੇ ADA ਪਾਲਣਾ ਪ੍ਰੋਜੈਕਟ ਦੀ ਯੋਜਨਾ ਬਣਾ ਰਿਹਾ ਹੈ ਤਾਂ ਜੋ ਹਰੇਕ ਵਿਅਕਤੀ ਲਈ ਸੁਰੱਖਿਆ, ਪਹੁੰਚਯੋਗਤਾ ਅਤੇ ਯਾਤਰਾ ਵਿਕਲਪਾਂ ਵਿੱਚ ਸੁਧਾਰ ਕੀਤਾ ਜਾ ਸਕੇ।
ਅਸੀਂ ਦੱਖਣੀ 272ਵੀਂ ਸੜਕ/ਸਟ੍ਰੀਟ ਤੋਂ SR (ਰਾਜ ਮਾਰਗ) 516 ਦੇ ਨੇੜੇ SR (ਰਾਜ ਮਾਰਗ) 99 ਦੀ ਮੁਰੰਮਤ ਕਰਨ ਅਤੇ ਕਰਬ ਰੈਂਪਾਂ ਨੂੰ ਅਪਗ੍ਰੇਡ ਕਰਨ ਦੀ ਯੋਜਨਾ ਬਣਾ ਰਹੇ ਹਾਂ ਤਾਂ ਜੋ ਇਨ੍ਹਾਂ ਨੂੰ ਅਪਾਹਜ ਲੋਕਾਂ ਲਈ ਸੁਰੱਖਿਅਤ ਅਤੇ ਪਹੁੰਚਯੋਗ ਬਣਾਇਆ ਜਾ ਸਕੇ।

ਇਹ ਪ੍ਰੋਜੈਕਟ 2026 ਦੀਆਂ ਗਰਮੀਆਂ ਵਿੱਚ ਨਿਰਮਾਣ ਲਈ ਤਹਿ ਕੀਤਾ ਗਿਆ ਹੈ, ਜਿਸਨੂੰ $1.45 ਮਿਲੀਅਨ ਦੀ ਗ੍ਰਾਂਟ ਦੁਆਰਾ ਸਮਰਥਨ ਪ੍ਰਾਪਤ ਹੋਵੇਗਾ। WSDOT ਇਸ ਪੜਾਅ ਦੌਰਾਨ ਸਾਈਕਲ ਸਵਾਰਾਂ ਅਤੇ ਪੈਦਲ ਯਾਤਰੀਆਂ ਲਈ ਵੱਧ ਤੋਂ ਵੱਧ ਸੁਧਾਰ ਸ਼ਾਮਲ ਕਰਨ ਲਈ ਕੰਮ ਕਰ ਰਿਹਾ ਹੈ, ਜਿਸ ਵਿੱਚ ਭਵਿੱਖ ਵਿੱਚ ਫੰਡ ਨਾ-ਪ੍ਰਾਪਤ ਹੋਣ ਵਾਲੇ ਪ੍ਰੋਜੈਕਟ ਵਿੱਚ ਸੰਭਾਵੀ ਤੌਰ 'ਤੇ ਲੰਬੇ ਸਮੇਂ ਦੇ ਸੁਧਾਰ ਕੀਤੇ ਜਾ ਸਕਦੇ ਹਨ।



ਇਹ ਪ੍ਰੋਜੈਕਟ ਕੈਂਟ ਸ਼ਹਿਰ ਵਿੱਚ SR 99 'ਤੇ ADA ਅਪਗ੍ਰੇਡਾਂ ਦੀ ਮੁਰੰਮਤ ਅਤੇ ਨਿਰਮਾਣ ਕਰੇਗਾ।

ਨੇੜਲੇ ਸਮੇਂ ਦੇ (ਹੋਣ ਵਾਲੇ) ਸੁਧਾਰ

ਇਸ ਪ੍ਰੋਜੈਕਟ ਦੇ ਹਿੱਸੇ ਵਜੋਂ, WSDOT ਨੇੜਲੇ ਸਮੇਂ ਦੇ (ਹੋਣ ਵਾਲੇ) ਸੁਧਾਰਾਂ 'ਤੇ ਵਿਚਾਰ ਕਰ ਰਿਹਾ ਹੈ ਜੋ ਪੇਵਿੰਗ (ਸੜਕ ਦੀ ਮੁਰੰਮਤ) ਅਤੇ ADA ਨਿਰਮਾਣ ਦੌਰਾਨ ਲਾਗੂ ਕੀਤੇ ਜਾ ਸਕਦੇ ਹਨ। ਇਹਨਾਂ ਵਿੱਚ ਕਰਾਸਿੰਗ ਸੁਧਾਰ ਸ਼ਾਮਲ ਹਨ ਜਿਵੇਂ ਕਿ:

- **ਸੜਕ ਭੀੜੀ ਕਰਨ (ਜਿਵੇਂ ਕਿ ਨਿਸ਼ਾਨਬੱਧ ਕਰਨਾ):** ਟ੍ਰੈਫਿਕ ਲੇਨਾਂ ਨੂੰ 11 ਫੁੱਟ ਚੌੜਾ ਕਰ ਦਿੱਤਾ ਜਾਵੇਗਾ, ਜਿਸ ਨਾਲ ਟ੍ਰੈਫਿਕ ਅਤੇ ਫੁੱਟਪਾਥਾਂ ਦੇ ਵਿਚਕਾਰ ਇੱਕ ਛੋਟਾ ਜਿਹਾ ਬਾਹਰੀ ਖੇਤਰ ਬਣ ਜਾਵੇਗਾ, ਅਤੇ ਪੈਦਲ ਯਾਤਰੀਆਂ ਅਤੇ ਸਾਈਕਲ ਸਵਾਰਾਂ 'ਤੇ ਟ੍ਰੈਫਿਕ ਦਾ ਤਣਾਅ ਘੱਟ ਹੋ ਜਾਵੇਗਾ।
- **ਸਪੀਡ ਕੁਸ਼ਨ:** ਸਪੀਡ ਕੁਸ਼ਨ ਲਗਾਉਣ ਨਾਲ ਵਾਹਨਾਂ ਨੂੰ ਕ੍ਰਾਸਵਾਕਾਂ ਜਾਂ ਮੋੜਾਂ ਦੇ ਨੇੜੇ ਆਉਣ 'ਤੇ ਆਪਣੀ ਸਪੀਡ ਘਟਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਸਪੀਡ ਕੁਸ਼ਨ ਲਈ ਪ੍ਰਸਤਾਵਿਤ ਸਥਾਨ ਪੱਛਮ ਵੱਲ ਜਾਣ ਵਾਲੀ S 272ਵੀਂ ਸੜਕ ਹੈ, ਜਿਥੇ ਵਾਹਨ ਉੱਤਰ ਵੱਲ SR (ਰਾਜ ਮਾਰਗ) 99 'ਤੇ ਮਿਲਦੇ ਹਨ।
- **ਟਰੱਕਾਂ ਦੇ ਏਪਰਨ:** ਚੌਰਾਹੇ ਵਿੱਚ ਸੁਧਾਰ ਕਰਨ ਨਾਲ 50 ਫੁੱਟ ਤੋਂ ਵੱਧ ਚੌੜਾਈ ਵਾਲੀਆਂ ਸਾਈਡ ਸਟ੍ਰੀਟਾਂ (ਮੁੱਖ ਸੜਕ ਦੇ ਆਲੇ-ਦੁਆਲੇ ਦੀਆਂ ਗਲੀਆਂ) ਨੂੰ ਸੋਧਿਆ ਜਾਂਦਾ ਹੈ ਅਤੇ ਇਸ ਵਿੱਚ ਪਹਿਲਾਂ ਤੋਂ ਹੀ ਸੱਜੇ-ਪਾਸਿਓਂ-ਅੰਦਰ-ਆਉਣ/ਸੱਜੇ-ਪਾਸਿਓਂ-ਬਾਹਰ-ਜਾਣ ਦੀ ਅਲਾਈਨਮੈਂਟ ਹੁੰਦੀ ਹੈ। ਇਹ ਸੋਧਾਂ ਇਹਨਾਂ ਸਥਾਨਾਂ
- **ਸਾਫ਼-ਸੁਥਰੀਆਂ ਅਤੇ ਪੱਕੀਆਂ ਸੜਕਾਂ:** ਚੌਰਾਹੇ ਵਿੱਚ ਸੁਧਾਰ ਕਰਨ ਨਾਲ 50 ਫੁੱਟ ਤੋਂ ਵੱਧ ਚੌੜਾਈ ਵਾਲੀਆਂ ਸਾਈਡ ਸਟ੍ਰੀਟਾਂ (ਮੁੱਖ ਸੜਕ ਦੇ ਆਲੇ-ਦੁਆਲੇ ਦੀਆਂ ਗਲੀਆਂ) ਨੂੰ ਸੋਧਿਆ ਜਾਂਦਾ ਹੈ ਅਤੇ ਇਸ ਵਿੱਚ ਪਹਿਲਾਂ ਤੋਂ ਹੀ ਸੱਜੇ-ਪਾਸਿਓਂ-ਅੰਦਰ-ਆਉਣ/ਸੱਜੇ-ਪਾਸਿਓਂ-ਬਾਹਰ-ਜਾਣ ਦੀ ਅਲਾਈਨਮੈਂਟ ਹੁੰਦੀ ਹੈ। ਇਹ ਸੋਧਾਂ ਇਹਨਾਂ ਸਥਾਨਾਂ



SR 99 'ਤੇ ਪ੍ਰਸਤਾਵਿਤ ਨੇੜਲੇ ਸਮੇਂ ਦੇ (ਹੋਣ ਵਾਲੇ) ਸੁਧਾਰਾਂ ਲਈ ਸਥਾਨ ਦਾ ਨਕਸ਼ਾ

ਸਾਈਕਲ ਸਵਾਰ ਅਤੇ ਪੈਦਲ ਯਾਤਰੀਆਂ ਲਈ ਕਰਾਸਿੰਗ

SR (ਰਾਜ ਮਾਰਗ) 99 'ਤੇ ਪੈਦਲ ਯਾਤਰੀਆਂ, ਸਾਈਕਲ ਸਵਾਰਾਂ ਅਤੇ ਆਵਾਜਾਈ ਦੀਆਂ ਵਧਦੀਆਂ ਜ਼ਰੂਰਤਾਂ ਦੇ ਨਾਲ, ਕਰਾਸਿੰਗ ਸੁਧਾਰਾਂ ਅਤੇ ਪਹੁੰਚਯੋਗਤਾ ਦੀ ਮੰਗ ਵਧਣ ਦੀ ਉਮੀਦ ਹੈ। ਦੱਖਣੀ 272ਵੀਂ ਸੜਕ ਅਤੇ SR (ਰਾਜ ਮਾਰਗ) 516 ਦੇ ਵਿਚਕਾਰ SR (ਰਾਜ ਮਾਰਗ) 99 'ਤੇ ਇਸ ਵੇਲੇ ਛੇ ਮੌਜੂਦਾ ਟ੍ਰੈਫਿਕ ਸਿਗਨਲ ਹਨ ਜਿੱਥੇ ਪੈਦਲ ਯਾਤਰੀਆਂ ਅਤੇ ਸਾਈਕਲ ਸਵਾਰਾਂ ਲਈ ਸੁਰੱਖਿਅਤ ਕਰਾਸਿੰਗਾਂ ਹਨ। ਕੁਝ ਚੌਰਾਹਿਆਂ ਦੇ ਵਿਚਕਾਰ ਦੂਰੀ ਬਹੁਤ ਜ਼ਿਆਦਾ ਹੈ, ਲਗਭਗ ਤਿੰਨ-ਚੌਥਾਈ ਮੀਲ ਤੱਕ। ਦੱਖਣੀ 244ਵੀਂ ਸੜਕ ਅਤੇ ਦੱਖਣੀ 248ਵੀਂ ਸੜਕ ਦੇ ਨੇੜੇ Kent ਸ਼ਹਿਰ ਦੁਆਰਾ ਦੋ ਨਵੀਆਂ ਕਰਾਸਿੰਗਾਂ ਦੀ ਯੋਜਨਾ ਬਣਾਈ ਗਈ ਹੈ ਅਤੇ ਫੰਡ ਦਿੱਤਾ ਗਿਆ ਹੈ। ਦੱਖਣੀ 268ਵੀਂ ਸੜਕ 'ਤੇ ਇੱਕ ਵਾਧੂ ਕਰਾਸਿੰਗ ਦੀ ਯੋਜਨਾ ਬਣਾਈ ਗਈ ਹੈ ਪਰ ਇਸ ਵੇਲੇ ਫੰਡ ਨਹੀਂ ਦਿੱਤਾ ਗਿਆ ਹੈ।

ਨਿਰਮਾਣ ਅਧੀਨ ਲੰਬੇ ਸਮੇਂ ਦੇ ਵਿਚਾਰ

SR (ਰਾਜ ਮਾਰਗ) 99 ਲਈ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਲਈ, WSDOT ਕਈ ਤਰ੍ਹਾਂ ਦੀਆਂ ਮੋਟਰ-ਸਾਈਕਲ ਅਤੇ ਪੈਦਲ ਯਾਤਰੀਆਂ ਦੀਆਂ ਸਹੂਲਤਾਂ 'ਤੇ ਵਿਚਾਰ ਕਰ ਰਿਹਾ ਹੈ। ਤੁਹਾਡਾ ਸੁਝਾਅ ਸਾਨੂੰ ਸਹੀ ਮਿਸ਼ਰਣ ਨੂੰ ਤਰਜੀਹ ਦੇਣ ਵਿੱਚ ਸਹਾਇਤਾ ਕਰੇਗਾ। SR 99 ਲਈ ਤਿੰਨ ਮੋਟਰ-ਸਾਈਕਲ ਅਤੇ ਪੈਦਲ ਯਾਤਰੀ ਵਿਕਲਪਾਂ ਦੀ ਪਛਾਣ ਕੀਤੀ ਗਈ ਹੈ:

SR 99 'ਤੇ ਮੌਜੂਦਾ ਸੁਰੱਖਿਅਤ ਪੈਦਲ ਯਾਤਰੀ ਕਰਾਸਿੰਗਾਂ ਅਤੇ ਨਵੀਆਂ/ਪ੍ਰਸਤਾਵਿਤ ਕਰਾਸਿੰਗਾਂ ਦਾ ਨਕਸ਼ਾ

ਸਾਂਝੀ ਵਰਤੋਂ ਵਾਲਾ ਮਾਰਗ: ਪੈਦਲ ਚੱਲਣ ਅਤੇ ਸਾਈਕਲ ਚਲਾਉਣ ਵਾਲੇ ਲੋਕਾਂ ਲਈ ਇੱਕ ਚੌੜਾ, ਪੱਕਾ ਰਸਤਾ, ਜੋ ਵਾਹਨਾਂ ਦੀ ਆਵਾਜਾਈ ਤੋਂ ਵੱਖਰਾ ਹੈ।

ਬਾਈਕ ਲੇਨ ਅਤੇ ਫੁੱਟਪਾਥ: ਬਾਈਕ ਲੇਨ ਅਤੇ ਫੁੱਟਪਾਥ ਵਾਹਨਾਂ ਦੀ ਆਵਾਜਾਈ ਦੀ ਦਿਸ਼ਾ ਵਿੱਚ ਇੱਕ ਦੂਜੇ ਦੇ ਨਾਲ-ਨਾਲ ਚਲਦੇ ਹਨ, ਅਤੇ ਵਾਹਨਾਂ ਤੋਂ ਵੱਖ ਹੁੰਦੇ ਹਨ।

ਵੱਖਰੀਆਂ ਦੋ-ਪਾਸੜ ਬਾਈਕ ਲੇਨਾਂ: ਸੜਕ ਦੇ ਇੱਕ ਪਾਸੇ ਦੋ-ਪਾਸੜ ਸਾਈਕਲ ਲੇਨ ਹੋਵੇਗੀ, ਸੜਕ ਦੇ ਦੋਵੇਂ ਪਾਸੇ ਫੁੱਟਪਾਥ ਬਣੇ ਹੋਣਗੇ ਜੋ ਸਾਰੇ ਵਾਹਨਾਂ ਦੀ ਆਵਾਜਾਈ ਤੋਂ ਵੱਖਰੇ ਹੋਣਗੇ।

ਅਸੀਂ ਤੁਹਾਡੇ ਵਿਚਾਰ ਸੁਣਨਾ ਚਾਹੁੰਦੇ ਹਾਂ!

WSDOT ਤੁਹਾਡੇ ਵਿਚਾਰ ਪ੍ਰਾਪਤ ਕਰਨਾ ਚਾਹੁੰਦਾ ਹੈ ਕਿ ਰਾਜ ਮਾਰਗ 99/ਦੱਖਣ 272ਵੀਂ ਸਟ੍ਰੀਟ/ਸੜਕ ਤੋਂ ਰਾਜ ਮਾਰਗ 516 ਦੇ ਆਲੇ-ਦੁਆਲੇ ਨੂੰ ਸਾਰਿਆਂ ਲਈ ਸੁਲਭ ਕਿਵੇਂ ਬਣਾਇਆ ਜਾਵੇ, ਭਾਵੇਂ ਤੁਸੀਂ ਪੈਦਲ ਚੱਲ ਰਹੇ ਹੋ, ਸਾਈਕਲ ਚਲਾ ਰਹੇ ਹੋ, ਘੁੰਮ ਰਹੇ ਹੋ, ਬੱਸ ਦੀ ਸਵਾਰੀ ਕਰ ਰਹੇ ਹੋ ਜਾਂ ਗੱਡੀ ਚਲਾ ਰਹੇ ਹੋ। **ਸਰਵੇਖਣ ਤੱਕ ਪਹੁੰਚ ਕਰਨ ਲਈ: http://bit.ly/41BB4oc ਜਾਂ QR ਕੋਡ ਨੂੰ ਸਕੈਨ ਕਰੋ। ਸਰਵੇਖਣ ਦੀ ਸਮਾਪਤੀ: ਸਰਵੇਖਣ ਦੀ ਸਮਾਪਤੀ: 4 ਨਵੰਬਰ ਸਾਰੇ ਜਵਾਬ ਗੁਮਨਾਮ ਹਨ।**

ਕਿਰਪਾ ਕਰਕੇ ਸਵਾਲਾਂ ਲਈ Amber Stanley ਨਾਲ Amber.Stanley@wsdot.wa.gov ਜਾਂ 206-817-8833 'ਤੇ ਸੰਪਰਕ ਕਰੋ।

ਭਾਸ਼ਾ ਸਹਾਇਤਾ ਸੇਵਾਵਾਂ
ਜੇਕਰ ਤੁਹਾਨੂੰ ਅੰਗਰੇਜ਼ੀ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਤੁਸੀਂ (360) 705-7090 'ਤੇ ਕਾਲ ਕਰਕੇ, ਜਾਂ ਸਾਨੂੰ ਈਮੇਲ ਕਰਕੇ, ਇਸ ਵਿਭਾਗ ਦੀ ਜਾਣਕਾਰੀ ਲਈ ਮੁਫ਼ਤ ਭਾਸ਼ਾ ਸਹਾਇਤਾ ਸੇਵਾਵਾਂ ਦੀ ਬੇਨਤੀ ਕਰ ਸਕਦੇ ਹੋ: TitleVI@wsdot.wa.gov
ਜਨਤਾ ਲਈ ਸਿਰਲੇਖ VI ਨੋਟਿਸ
ਇਹ ਵਾਸ਼ਿੰਗਟਨ ਸਟੇਟ ਡਿਪਾਰਟਮੈਂਟ ਆਫ਼ ਟ੍ਰਾਂਸਪੋਰਟੇਸ਼ਨ (Washington State Department of Transportation, WSDOT) ਦੀ ਪਾਲਿਸੀ ਹੈ ਕਿ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ 1964 ਦੇ ਸਿਵਲ ਰਾਈਟਸ ਐਕਟ ਦੇ ਟਾਈਟਲ VI ਦੇ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਨਸਲ, ਰੰਗ, ਜਾਂ ਰਾਸ਼ਟਰੀ ਮੂਲ ਦੇ ਆਧਾਰ 'ਤੇ ਭਾਗੀਦਾਰੀ ਤੋਂ ਬਾਹਰ ਨਹੀਂ ਰੱਖਿਆ ਜਾਵੇਗਾ, ਲਾਭਾਂ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ, ਜਾਂ ਇਸਦੇ ਕਿਸੇ ਵੀ ਸੰਘੀ ਫੰਡ ਪ੍ਰਾਪਤ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਦੇ ਤਹਿਤ ਵਿਤਕਰਾ ਨਹੀਂ ਕੀਤਾ ਜਾਵੇਗਾ। ਕੋਈ ਵੀ ਵਿਅਕਤੀ ਜਿਸਨੂੰ ਲੱਗਦਾ ਹੈ ਕਿ ਉਸਦੀ ਟਾਈਟਲ VI ਸੁਰੱਖਿਆ ਦੀ ਉਲੰਘਣਾ ਕੀਤੀ ਗਈ ਹੈ, ਉਹ WSDOT ਦੇ Office of Equal Opportunity ਕੋਲ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਟਾਈਟਲ VI ਸ਼ਿਕਾਇਤ ਪ੍ਰਕਿਰਿਆਵਾਂ ਅਤੇ/ਜਾਂ ਸਾਡੀਆਂ ਗੈਰ-ਵਿਤਕਰੇ ਦੀਆਂ ਜ਼ਿੰਮੇਵਾਰੀਆਂ ਸੰਬੰਧੀ ਜਾਣਕਾਰੀ ਲਈ, ਕਿਰਪਾ ਕਰਕੇ OEO ਦੇ ਟਾਈਟਲ VI ਕੋਆਰਡੀਨੇਟਰ ਨਾਲ 360-705-7090 'ਤੇ ਸੰਪਰਕ ਕਰੋ।
ਅਪਾਹਜ ਅਮਰੀਕੀ ਐਕਟ (ADA) ਦੀ ਜਾਣਕਾਰੀ
ਇਹ ਸਮੱਗਰੀ Office of Equal Opportunity ਨੂੰ wsdotada@wsdot.wa.gov 'ਤੇ ਈਮੇਲ ਕਰਕੇ ਜਾਂ ਟੋਲ ਫ੍ਰੀ ਨੰਬਰ 855-362-4ADA (4232) 'ਤੇ ਕਾਲ ਕਰਕੇ ਇੱਕ ਵਿਕਲਪਿਕ ਫਾਰਮੈਟ ਵਿੱਚ ਉਪਲਬਧ ਕਰਵਾਈ ਜਾ ਸਕਦੀ ਹੈ। ਜੋ ਵਿਅਕਤੀ ਬੋਲ਼ੇ ਹਨ ਜਾਂ ਜਿਨ੍ਹਾਂ ਨੂੰ ਘੱਟ ਸੁਣਾਈ ਦਿੰਦਾ ਹੈ ਉਹ ਵਾਸ਼ਿੰਗਟਨ ਸਟੇਟ ਰੀਲੇਅ (Washington State Relay) ਨੂੰ 711 'ਤੇ ਕਾਲ ਕਰਕੇ ਬੇਨਤੀ ਕਰ ਸਕਦੇ ਹਨ।